ਦੇਸ਼ ਸੇਵਕ, ਚੰਡੀਗੜ੍ਹ, ਐਤਵਾਰ 19 ਮਾਰਚ, 2000

ਵਿਚਾਰ-ਚਰਚਾ

ਗੁਰਸ਼ਰਨ ਸਿੰਘ

# ਕਿਸਾਨ ਅੰਦੋਲਨ ਦੀ ਲੋੜ

ਮੇਰੇ ਮੰਦੜੇ ਹਾਲ ਵੇ ਲੋਕੋ, ਇਹ ਪੰਜਾਬ ਦੀ ਕਿਸਾਨੀ ਦੀ ਪੁਕਾਰ ਵੀ ਸੀ ਅਤੇ ਇਕ ਚੁਣੌਤੀ ਵੀ ਸੀ, ਜੋ ਵੱਡੀ ਗਿਣਤੀ ਵਿਚ 16 ਮਾਰਚ ਚੰਡੀਗੜ੍ਹ ਹਾਕਮਾਂ ਕੋਲ ਆਪਣੀ ਸ਼ਕਤੀਸ਼ਾਲੀ ਆਵਾਜ਼ ਲੈ ਕੇ ਪੁੱਜੀ ਹੋਈ ਸੀ। ਵੱਡੀ ਗਿਣਤੀ ਨੂੰ ਰੀਕਾਰਡ ਤੋੜ ਗਿਣਤੀ ਵਿਚ ਵੀ ਕਿਹਾ ਜਾ ਸਕਦਾ ਹੈ। ਕਿਸਾਨੀ ਪੰਜਾਬ ਦੀ ਆਰਥਕਤਾ ਦੀ ਰੀੜ੍ਹ ਦੀ ਹੱਡੀ ਹੈ। ਜੇ ਇਹ ਮੰਦੜੇ ਹਾਲ ਵਿਚ ਹੈ ਤਾਂ ਇਹਦਾ ਮਤਲਬ ਹੈ ਕਿ ਪੰਜਾਬ ਸਾਡਾ ਮੰਦੜੇ ਹਾਲ ਵਿਚ ਹੈ। ਪਰ ਪੰਜਾਬ ਦੀ ਅਫ਼ਸਰਸ਼ਾਹੀ ਅਤੇ ਅਫ਼ਸਰਸ਼ਾਹੀ ਦੇ ਆਸਰੇ ਚਲਦੀ ਪੰਜਾਬ ਸਰਕਾਰ ਇਹ ਮੰਨਣ ਲਈ ਤਿਆਰ ਨਹੀਂ।

ਤੁਸੀਂ ਕਹਿੰਦੇ ਹੋ, ਪੰਜਾਬ ਦੀ ਕਿਸਾਨੀ ਦਾ ਮੰਦੜਾ ਹਾਲ ਹੈ, ਬਈ ਕਿਸੇ ਪਿੰਡ ਚਲੇ ਜਾਓ, ਕੋਠੀਆਂ ਤੇ ਕੋਠੀਆਂ, ਉਸਰ ਰਹੀਆਂ ਹਨ, ਸੰਗਮਰਮਰ ਦੇ ਫਰਸ਼ ਹਨ, ਚਲੋ ਤਾਂ ਤਿਲਕ ਤਿਲਕ ਜਾਓ, ਚੰਡੀਗੜ੍ਹ ਵਿਚ ਉਹੋ ਜਿਹੀਆਂ ਕੋਠੀਆਂ ਨਹੀਂ ਹੋਣੀਆਂ, ਜਿਹੜੀਆਂ ਇਨ੍ਹਾਂ ਪਿੰਡਾਂ ਵਿਚ ਉਸਰ ਰਹੀਆਂ ਹਨ। ਮੈਰਿਜ ਪੈਲੇਸ ਹਰ ਛੋਟੇ-ਵੱਡੇ ਕਸਬੇ ਵਿਚ ਉਸਰ ਰਹੇ ਹਨ ਤੁਸੀਂ ਕਹਿੰਦੇ ਹੋ ਕਿਸਾਨੀ ਉੱਜੜ ਰਹੀ ਹੈ, ਛੱਡੋ ਜੀ ਕਿਹੋ ਜਿਹੀਆਂ ਗੱਲਾਂ ਕਰਦੇ ਹੋ?

ਉਨ੍ਹਾਂ ਦੀ ਦਲੀਲ ਦਾ ਜਵਾਬ ਦੇਣ ਲੱਗਿਆਂ ਅਸੀਂ ਕਹਿ ਸਕਦੇ ਹਾਂ ਕਿ ਧਨੀ ਕਿਸਾਨੀ ਅਤੇ ਗ਼ਰੀਬ ਕਿਸਾਨੀ ਤੇ ਦਰਮਿਆਨੀ ਦੀ ਗੱਲ ਕਰ ਰਹੇ ਹਾਂ, ਜੋ 80 ਫ਼ੀ ਸਦੀ ਤੋਂ ਵੱਧ ਹੈ। ਚੰਡੀਗੜ੍ਹ, ਦਿੱਲੀ ਅਤੇ ਹੋਰ ਵੱਡੇ ਸ਼ਹਿਰਾਂ ਦੇ ਰੱਜੇ-ਪੁੱਜੇ ਲੋਕਾਂ ਦੀਆਂ ਕੋਠੀਆਂ ਵੇਖ ਕੇ, ਉਨ੍ਹਾਂ ਦਾ ਰਹਿਣਾ ਵੇਖ ਕੇ ਉਨ੍ਹਾਂ ਦੀਆਂ ਵੱਡੀਆਂ ਕਾਰਾਂ ਵੇਖ ਕੇ ਕੋਈ ਕਹਿ ਦੇਵੇ ਕਿ ਹਿੰਦੁਸਤਾਨ ਤਾਂ ਬੜਾ ਅਮੀਰ ਹੈ, ਤਾਂ ਇਹ ਕਿੱਥੋਂ ਤੱਕ ਸੱਚ ਹੋਵੇਗਾ? ਕਿਸੇ ਮਸਲੇ ਦਾ ਹੱਲ ਤਾਂ ਹੀ ਲੱਭਿਆ ਜਾ ਸਕਦਾ ਹੈ, ਜੇਕਰ ਮਸਲੇ ਦੀ ਜੜ੍ਹ ਉੱਪਰ ਉਂਗਲ ਰੱਖੀ ਜਾਏ। ਇਹ ਜੜ੍ਹ ਹੈ ਕਿ ਅੱਜ ਦੀਆਂ ਹਾਲਾਤਾਂ ਵਿਚ ਖੇਤੀ ਦਾ ਧੰਦਾ ਲਾਹੇਵੰਦ ਨਹੀਂ ਰਿਹਾ। ਇਹ ਲਾਹੇਵੰਦ ਕਿਸ ਤਰ੍ਹਾਂ ਬਣਾਇਆ ਜਾ ਸਕਦਾ ਹੈ। ਇਹ ਵੱਡਾ ਮਸਲਾ ਹੈ। ਇਸ ਦਾ ਹੱਲ ਕਿਸਾਨੀ ਆਪਣੇ-ਆਪ ਨਹੀਂ ਲੱਭ ਸਕਦੀ।

ਖੇਤੀ ਮਾਹਿਰਾਂ ਨੂੰ ਇਸ ਕੰਮ ਲਈ ਸਮੇਂ ਦੀ ਸਰਕਾਰ ਨੇ ਹੀ ਆਦੇਸ਼ ਦੇਣਾ ਹੈ। ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਵਿਚ ਵਿਸ਼ਵ ਪੱਧਰ ਦੇ ਖੇਤੀ ਮਾਹਿਰ ਹਨ। ਨਰਮੇ ਦੀ ਖੇਤੀ ਨੂੰ ਅਮਰੀਕਨ ਸੁੰਡੀ ਖਾਈ ਜਾ ਰਹੀ ਹੈ। ਨਰਮਾ ਪੱਟੀ ਵਿਚ ਬਦਲ ਦੀ ਹੋਰ ਕੀ ਫ਼ਸਲ ਹੋ ਸਕਦੀ ਹੈ? ਮਿੱਟੀ ਅਤੇ ਪਾਣੀ ਦੇ ਬਰੀਕੀ ਨਾਲ ਕੀਤੇ ਟੈਸਟ ਇਹ ਜਾਣਕਾਰੀ ਮੁਹੱਈਆ ਕਰ ਸਕਦੇ ਹਨ ਅਤੇ ਇਹ ਜਾਣਕਾਰੀ ਦੇ ਆਧਾਰ 'ਤੇ ਕਿਸਾਨਾਂ ਨੂੰ ਰਾਏ ਦਿੱਤੀ ਜਾ ਸਕਦੀ ਹੈ। ਘੱਟ ਤੋਂ ਘੱਟ ਕਿੰਨੀ ਜ਼ਮੀਨ ਹੋਵੇ? ਸਾਂਝੀ ਖੇਤੀ ਦੀਆਂ ਤਜਵੀਜ਼ਾਂ ਵੀ ਹੋ ਸਕਦੀਆਂ ਹਨ। ਖੇਤੀ ਦੇ ਧੰਦੇ ਨੂੰ ਲਾਹੇਵੰਦ ਬਣਾਉਣਾ ਜ਼ਰੂਰੀ ਹੈ। ਇਹਦੇ ਬਿਨਾਂ ਕਿਸਾਨਾਂ ਕੋਲ ਕੋਈ ਰਾਹ ਨਹੀਂ।

ਬੈਂਕਾਂ ਤੋਂ ਲਏ ਕਰਜ਼ੇ ਦਾ ਸਾਰਾ ਅਮਲ ਅਤੇ ਪੇਚੀਦਗੀਆਂ ਕਿਸਾਨ ਨੂੰ ਸੁਹਿਰਦਤਾ ਨਾਲ ਸਮਝਾਈਆਂ ਜਾਣ। ਬੈਂਕ ਤੋਂ ਲਏ ਕਰਜ਼ੇ ਅਤੇ ਸ਼ਾਹ ਤੋਂ ਲਏ ਕਰਜ਼ੇ ਦਾ ਕੀ ਫ਼ਰਕ ਹੈ? ਹੁਣ ਇਕ ਅਜੀਬ ਅਮਲ ਸ਼ੁਰੂ ਹੋਇਆ ਹੈ। ਇਸ ਦੀ ਮਿਸਾਲ ਹੈ ਕਿ ਕਿਸਾਨ ਆਪਣੀ ਬੈਅ ਕੀਤੀ ਜ਼ਮੀਨ ਸ਼ਾਹ ਕੋਲੋਂ ਛੁਡਵਾਉਣ ਲਈ ਟਰੈਕਟਰ ਲੈਣ ਦੇ ਪੱਜ ਬੈਂਕ ਕੋਲੋਂ ਕਰਜ਼ਾ ਲੈਂਦਾ ਹੈ। ਉਹ ਨਵਾਂ ਟਰੈਕਟਰ ਫੇਰ ਅੱਗੇ ਵਿਉਪਾਰੀਆਂ ਕੋਲ 50-60 ਹਜ਼ਾਰ ਦੇ ਘਾਟੇ 'ਤੇ ਵੇਚ ਦੇਂਦਾ ਹੈ। ਸ਼ਾਹਾਂ ਕੋਲ ਆਰਜ਼ੀ ਛੁਟਕਾਰਾ ਤਾਂ ਹੋਇਆ ਪਰ ਬੈਂਕ ਦਾ ਕਰਜਾ ਜੋ ਖਲੋਤਾ ਹੈ, ਉਹ ਤਾਂ ਖਲੋਤਾ ਹੈ। ਬੈਂਕ ਅਧਿਕਾਰੀ ਆਪਣਾ ਹਿੱਸਾ ਲੈ ਕੇ ਤਸਦੀਕ ਵੀ ਕਰ ਦੇਂਦੇ ਹਨ ਕਿ ਕਿਸਾਨ ਨੇ ਟਰੈਕਟਰ ਵਾਕਈ ਵਾਹੀ ਲਈ ਲਿਆ ਹੈ।

ਧਰਤੀ ਦਾ ਭੋਲਾ ਅੰਨਦਾਤਾ ਵਪਾਰਕ ਝੂਠ ਦੇ ਚੱਕਰ ਵਿਚ ਫ਼ਸ ਜਾਂਦਾ ਹੈ। ਕਿਸਾਨ ਦੁਸ਼ਮਣ ਸ਼ਹਿਰੀ ਤਬਕਾ ਇਹ ਕਹਿ ਦੇਂਦਾ ਹੈ। ਕਿਸਾਨ ਝੂਠੀ ਸ਼ਾਨ ਭਾਲਦਾ ਹੈ, ਉਹ ਨੂੰ ਆਪਣੀ ਆਰਥਕਤਾ ਸਾਂਵੇ ਰੱਖਣ ਦੀ ਜਾਂਚ ਹੀ ਨਹੀਂ, ਉਹ ਵਿਆਹਾਵਾਂ-ਸ਼ਾਦੀਆਂ 'ਤੇ ਅੰਨ੍ਹੇਵਾਹ ਖ਼ਰਚ ਕਰਦਾ ਹੈ। ਜਵਾਈਆਂ ਨੂੰ ਮਾਰੂਤੀਆਂ ਦੇਂਦਾ ਹੈ। ਜੱਟਾਂ ਦੇ ਮੁੰਡੇ ਕੰਮ ਕਰਕੇ ਰਾਜ਼ੀ ਨਹੀਂ। ਉਹ ਨਸ਼ੇ ਦਾ ਸ਼ਿਕਾਰ ਹਨ। ਆਦਿਕ।"

ਜ਼ਾਹਿਰਾ ਤੌਰ 'ਤੇ ਇਹ ਗੱਲ ਠੀਕ ਵੀ ਲਗਦੀ ਹੈ ਪਰ ਇਹ ਅਸਲੀ ਮਸਲੇ ਨੂੰ ਅੱਖੋਂ-ਪਰੋਖੇ ਕਰਨ ਵਾਲੀ ਗੱਲ ਹੈ। ਵਿਆਹਾਵਾਂ ਸ਼ਾਦੀਆਂ ਰੱਜੇ-ਪੁੱਜੇ ਸ਼ਹਿਰੀਏ ਵੀ ਕਰਦੇ ਹਨ, ਮੁੰਡੇ ਉਨ੍ਹਾਂ ਦੇ ਵੀ ਸ਼ਰਾਬ ਪੀਂਦੇ ਹਨ, ਅਯਾਸ਼ੀਆਂ ਕਰਦੇ ਹਨ, ਫੇਰ ਉਹ ਕਰਜ਼ੇ ਥੱਲੇ ਕਿਉਂ ਨਹੀਂ? ਫੇਰ ਫਰਕ ਕਿੱਥੇ ਹੈ? ਫ਼ਰਕ ਇਹੀ ਹੈ ਕਿ ਖੇਤੀ ਲਾਹੇਵੰਦ ਨਹੀਂ। ਇਹੀ ਸੰਕਟ ਹੈ। ਇਸ ਸੰਕਟ ਨੂੰ ਹੱਲ ਕਰਨਾ ਹੈ। ਇਹਦੇ ਲਈ ਜ਼ਮੀਨੀ ਸੁਧਾਰਾਂ ਦੀ ਲੋੜ ਹੈ। ਕਿਸਾਨਾਂ ਦੀ ਖੇਤੀ ਦੀਆਂ ਚੀਜ਼ਾਂ ਲਈ ਸਹੀ ਮਾਰਕੀਟ ਨੀਤੀ ਅਪਨਾਉਣ ਦੀ ਲੋੜ ਹੈ। ਸਰਕਾਰ ਵੱਲੋਂ ਤਾਂ ਉਲਟ ਖਾਦਾਂ ਦੀਆਂ ਕੀਮਤਾਂ ਵਧਾਈਆਂ ਜਾ ਰਹੀਆਂ ਹਨ।

ਪੰਜ ਜਥੇਬੰਦੀਆਂ ਨੇ ਕਿਸਾਨ ਦੀ ਮੁਕਤੀ ਲਈ ਜੋ ਸੰਘਰਸ਼ ਵਿੱਢਿਆ ਹੈ, ਉਹ ਸਮੇਂ ਦੀ ਲੋੜ ਹੈ। ਉਨ੍ਹਾਂ ਦੀਆਂ 12 ਮੰਗਾਂ ਪੂਰੀ ਤਰ੍ਹਾਂ ਜਾਇਜ਼ ਹਨ। ਕਿਸਾਨੀ ਸੰਕਟ ਹੱਲ ਹੋਣਾ ਜ਼ਰੂਰੀ। ਕਿਸਾਨਾਂ ਲਈ ਸੰਘਰਸ਼ ਨੂੰ ਜਾਰੀ ਰੱਖਣਾ ਜ਼ਰੂਰੀ ਹੈ। ਅਫ਼ਸਰਸ਼ਾਹੀ ਅਤੇ ਸਰਕਾਰ ਐਵੇਂ ਨਹੀਂ ਹਿੱਲਣੀ। 16 ਮਾਰਚ ਦਾ ਵਿਸ਼ਾਲ ਕਿਸਾਨੀ ਵਿਖਾਵਾ ਇਸ ਗੱਲ ਦਾ ਜ਼ਾਮਨੀ ਹੈ। ਕਿਸਾਨੀ ਦੇ ਸੰਕਟ ਦਾ ਹੱਲ ਨਹੀਂ ਹੋਵੇਗਾ ਤਾਂ ਦੇਸ਼ ਕਿੱਥੇ ਜਾਏਗਾ? ਜੈ ਜਵਾਨ, ਜੈ ਕਿਸਾਨ ਦਾ ਨਾਅਰਾ ਕਿਸੇ ਵੇਲੇ ਦੇਸ਼ ਦਾ ਪ੍ਰਮੁੱਖ ਨਾਅਰਾ ਸੀ। ਇਸ ਬਜਟ ਵਿਚ ਜੈ ਜਵਾਨ ਵੱਲ ਤਾਂ ਧਿਆਨ ਦਿੱਤਾ ਜਾ ਰਿਹਾ ਹੈ ਪਰ ਜੈ ਕਿਸਾਨ ਪੂਰੀ ਤਰ੍ਹਾਂ ਵਸਾਰ ਦਿੱਤਾ ਗਿਆ ਹੈ। ਕਿਸਾਨਾਂ ਦਾ ਅੰਦੋਲਨ ਸਮੇਂ ਦੀ ਲੋੜ ਹੈ।